ਜੂਨ 1984 ਦੀਆਂ ਅਭੁੱਲ ਯਾਦਾਂ 'ਚੋਂ

ਸਾਧੂ ਸਿੰਘ ਧੰਮੂ 98143-71922

ਜਦੋਂ ਜਿਊਂਦੇ ਪਰਿਵਾਰ ਦਾ ਸੱਥਰ ਵਿਛ ਗਿਆ

ਸੰਸਾਰ ਵਿਚ ਵਿਚਰਦਿਆਂ ਕਈ ਵਾਰ ਐਸੀਆਂ ਗੱਲਾਂ ਸੁਣੀਦੀਆਂ ਕਿ ਸੁਣਕੇ ਦੰਗ ਰਹਿ ਜਾਈਦਾ ਹੈ। ਉਪਰੋਕਤ ਟਾਇਟਲ ਮੇਰੀ ਕੋਈ ਕਲਪਨਾ ਨਹੀਂ ਇਹ ਜੂਨ 1984 ਦੀ ਬਿਲਕੁੱਲ ਸੱਚੀ ਕਹਾਣੀ ਹੈ। ਕਿਉਂਕਿ ਏਸ 84 ਵਾਲੇ ਘੱਲੂਘਾਰੇ ਨੂੰ 32 ਕੁ ਸਾਲ ਹੀ ਹੋਏ ਹਨ। ਉਸ ਸਮੇਂ ਦੇ ਬਹੁਤ ਲੋਕ ਅੱਜ ਵੀ ਮਿਲਦੇ ਹਨ ਜਿਨ੍ਹਾਂ ਦੇ ਹੱਡਾਂ ਨੇ ਉਸ ਸਮੇਂ ਦੀ ਜ਼ੁਲਮੀ ਅੱਗ ਦਾ ਸੇਕ ਝੱਲਿਆ ਹੈ। ਉਹਨਾਂ ਲੋਕਾਂ ਵਿਚੋਂ ਹੀ ਇਕ ਨਾਂਅ ਹੈ ਪ੍ਰਸਿੱਧ ਢਾਡੀ ਗਿਆਨੀ ਦਰਸ਼ਨ ਸਿੰਘ ਦਲੇਰ ਦਾ। ਇਹ ਕਹਾਣੀ ਉਨ੍ਹਾਂ ਦੀ ਹੱਡਬੀਤੀ ਹੈ।

ਪਿਛਲੇ ਦਿਨੀਂ ਉਹਨਾਂ ਨੇ ਜੂਨ 1984 ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦਾਸ ਨੂੰ ਆਪਣੀ ਇਹ ਹੱਡਬੀਤੀ ਸੁਣਾਈ ਜੋ ਮੈਂ ਹੂ-ਬ-ਹੂ ਲਿਖ ਰਿਹਾ ਹਾਂ। ਮੌਜੂਦਾ ਮਾਨਸਾ ਜ਼ਿਲ੍ਹੇ ਦੇ ਪਿੰਡ ਕੋਟਲੀ ਕਲਾਂ ਦਾ ਜੰਮਪਲ ਢਾਡੀ ਦਰਸ਼ਨ ਸਿੰਘ ਦਲੇਰ ਆਪਣੇ ਢਾਡੀ ਸਾਥੀਆਂ ਅਤੇ ਪਰਿਵਾਰ ਸਮੇਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਕੋਲ ਰਹਿੰਦੇ ਸਨ। ਕਾਫੀ ਲੰਬਾ ਸਮਾਂ ਢਾਡੀ ਪ੍ਰੋਗਰਾਮ ਤੋਂ ਇਲਾਵਾ ਸੰਤ ਜੀ ਵੱਲੋਂ ਬਖਸ਼ੀਆਂ ਵੱਖ-ਵੱਖ ਸੇਵਾਵਾਂ ਨਿਭਾਉਂਦੇ ਰਹੇ।

ਆਖਰ ਉਹ ਸਮਾਂ ਆ ਗਿਆ ਜਦੋਂ ਦਰਬਾਰ ਸਾਹਿਬ ਤੇ ਫੌਜੀ ਹਮਲਾ ਹੋ ਗਿਆ। ਇਕ ਜੂਨ ਤੋਂ ਲੈ ਕੇ 6 ਜੂਨ ਤੱਕ ਚੱਲੀ ਏਸ ਜ਼ੁਲਮਾਂ ਦੀ ਹਨ੍ਹੇਰੀ ਦੌਰਾਨ ਭਾਵੇਂ ਕਈ ਹਜ਼ਾਰਾਂ ਲੋਕਾਂ ਦਾ ਕਤਲੇਆਮ ਹੋਇਆ ਐਪਰ **'ਜਿਸੁ ਕਾ ਸਾਹਿਬੁ ਡਾਢਾ ਹੋਇ, ਤਿਸੁ ਨੋ ਮਾਰਿ ਨਾ ਸਾਕੈ ਕੋਇ'** ਮਹਾਂਵਾਕ ਅਨੁਸਾਰ ਕਈ ਲੋਕ ਬਚ ਵੀ ਗਏ ਜਿਨ੍ਹਾਂ ਤੋਂ ਉਸ ਸਮੇਂ ਦੀ ਸੱਚਾਈ ਸਾਹਮਣੇ ਆਉਂਦੀ ਹੈ। ਢਾਡੀ ਦਰਸ਼ਨ ਸਿੰਘ ਦਲੇਰ ਦੇ ਮੁਤਾਬਿਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਲਾਲ ਡਿਊਢੀ ਦੇ ਇਕ ਕਮਰੇ ਵਿਚ ਇਹਨਾਂ ਦਾ ਪਰਿਵਾਰ ਨਾਲ ਢਾਡੀ ਲਾਭ ਸਿੰਘ ਪਾਂਧੀ ਦਾ ਪਰਿਵਾਰ ਅਤੇ ਹੈਡ ਗ੍ਰੰਥੀ ਗਿਆਨੀ ਸੋਹਣ ਸਿੰਘ ਦਾ ਪਰਿਵਾਰ ਇਕੱਠੇ ਸਨ। ਇਹ ਕਮਰਾ ਗ੍ਰੰਥੀ ਸੋਹਣ ਸਿੰਘ ਦਾ ਸੀ। ਅੰਧਾ ਧੁੰਦ ਗੋਲਾਬਾਰੀ ਹੋ ਰਹੀ ਸੀ। ਲਾਸ਼ਾਂ ਦੇ ਢੇਰ ਲੱਗ ਚੁੱਕੇ ਸਨ। ਵਾਰ-ਵਾਰ ਹਮਲੇ ਹੋ ਰਹੇ ਸਨ ਕਿ ਫੋਰਸ ਨੂੰ ਸੂਅ ਮਿਲਣ ਤੇ ਪੰਜ ਅਤੇ ਛੇ ਜੂਨ ਦੀ ਅੱਧੀ ਕੁ ਰਾਤ ਨੂੰ ਸਾਡੇ ਕਮਰੇ ਨੂੰ ਆ ਕੇ ਬਾਹਰੋਂ ਕੁੰਡਾ ਮਾਰ ਦਿੱਤਾ ਭਾਵੇਂ ਸਾਡੇ ਕੋਲ ਵੀ ਥਿਰੀ ਨਟ ਥਿਰੀ ਦੀਆਂ ਦੋ ਬੰਦੂਕਾਂ ਸਨ ਪਰ ਅਸਲਾ ਬਿਲਕੁੱਲ ਘੱਟ ਹੋਣ ਕਰਕੇ ਅਸੀਂ ਫਾਇਰ ਕਰਨ ਤੋਂ ਗੁਰੇਜ਼ ਰੱਖਿਆ। ਤਕਰੀਬਨ ਬਾਰਾਂ ਕੁ ਵਜੇ ਬਾਹਰੋਂ ਆਵਾਜ਼ ਸੁਣੀ ਕਿ ਏਸ ਕਮਰੇ ਨੂੰ ਅੱਗ ਲਾ ਦਿਉ ਪਰ ਨਾਲ ਹੀ ਕਿਸੇ ਨੇ ਇਝ ਕਰਨ ਤੋਂ ਮਨ੍ਹਾਂ ਕਰ ਦਿੱਤਾ। ਸਾਰੀ ਰਾਤ ਫੌਜੀ ਪਹਿਰੇ ਤੇ ਬੈਠੇ ਰਹੇ। ਆਖਰ ਸੁਬ੍ਹਾ 6 ਕੁ ਵਜੇ ਬਾਹਰੋਂ ਕੁੰਡਾ ਖੋਲ੍ਹ ਕੇ ਕਿਸੇ ਫੌਜੀ ਅਫ਼ਸਰ ਨੇ ਲਾਊਡ ਸਪੀਕਰ ਰਾਹੀਂ ਆਵਾਜ਼ ਦਿੱਤੀ ਕਿ ਜਿੰਨੇ ਜਾਣੇ ਅੰਦਰ ਹੋ ਸਾਰੇ ਹੱਥ ਖੜ੍ਹੇ ਕਰਕੇ ਬਾਹਰ ਆ ਜਾਓ। ਹੁਣ ਸਾਡੇ ਕੋਲ ਮੁਕਾਬਲੇ ਵਾਸਤੇ ਅਸਲਾ ਥੜ੍ਹਾ ਥੋੜ੍ਹਾ ਸੀ। ਭਾਵੇਂ ਅੰਦਰ ਰਹਿੰਦੇ ਭਾਵੇਂ ਬਾਹਰ ਬੱਸ ਹੁਣ ਤਾਂ ਮੌਤ ਹੀ ਮੌਤ ਸੀ। ਬਾਹਰ ਆ ਜਾਓ ਆਵਾਜ਼ ਸੁਣ ਕੇ ਮੈਂ ਪਾਂਧੀ ਨੂੰ ਕਿਹਾ ਆਪਾਂ ਬਾਹਰ ਜਾ ਕੇ ਸ਼ਹੀਦ ਹੋ ਜਾਈਏ ਅੰਦਰ ਵੀ ਤੇ ਲੁਕਿਆਂ ਸੜ ਕੇ ਮਰਨਾ ਹੀ ਹੈ। ਐਪਰ ਉਹਨਾਂ ਨੇ ਅੰਦਰ ਹੀ ਰਹਿਣ ਦੀ ਸਲਾਹ ਦਿੱਤੀ। ਉਹਨਾਂ ਦੀ ਗੱਲ ਨਾ ਮੰਨਦਿਆਂ ਮੈਂ ਆਪਣੀ ਛੋਟੀ ਜਿਹੀ ਬੇਟੀ ਗੁਰਮੀਤ ਕੌਰ ਨੂੰ ਮੋਢੇ ਲਾ ਕੇ ਬਾਹਰ ਆ ਗਿਆ। ਮੈਨੂੰ ਬਾਹਰ ਆਉਂਦਿਆਂ ਦੇਖ ਕੇ ਇਕਦਮ ਫੌਜੀ ਹਰਕਤ ਵਿਚ ਆਏ ਅਤੇ ਗੋਲੀ ਚਲਾਉਣ ਲੱਗੇ। ਉਨ੍ਹਾਂ ਦੇ ਅਫਸਰ ਨੇ ਇਸ ਤਰ੍ਹਾਂ ਕਰਨ ਤੋਂ ਰੋਕ ਦਿੱਤਾ। ਜੋ ਇਕ ਦਸਤਾਰਧਾਰੀ ਸੂਬੇਦਾਰ ਸੀ। ਉਸ ਨੇ ਉਚੀ ਆਵਾਜ਼ ਵਿਚ ਮੈਨੂੰ ਪੁੱਛਿਆ ਅੰਦਰ ਕਿੰਨੇ ਕੁ ਜਾਣੇ ਨੇ। ਮੈਂ ਕਿਹਾ ਜੀ ਤਕਰੀਬਨ 14-15 ਜਾਣੇ ਨੇ ਜਿਨ੍ਹਾਂ ਵਿਚ ਬੀਬੀਆਂ ਅਤੇ ਕੁਝ ਬੱਚੇ ਵੀ ਨੇ। ਫੇਰ ਉਸ ਨੇ ਕਿਹਾ ਉਹਨਾਂ ਨੂੰ ਕਹੋ ਬਾਹਰ ਆ ਜਾਣ ਮੈਂ ਕਿਹਾ ਜੀ ਉਹਨਾਂ ਨੇ ਮੇਰੇ ਕਹੇ ਨਹੀਂ ਆਉਣਾ ਤੁਸੀਂ ਵੀ ਆਵਾਜ਼ ਦੇਵੋ। ਉਸ ਅਫ਼ਸਰ ਨੇ ਫੇਰ ਆਵਾਜ਼ ਦਿੱਤੀ ਕਿ ਆਖਰੀ ਵਾਰਨਿੰਗ ਹੈ ਬਾਹਰ ਆ ਜਾਓ ਤੁਹਾਨੂੰ ਕੁਝ ਨਹੀਂ ਕਹਾਂਗੇ। ਬੱਸ ਫੇਰ ਜਿਵੇਂ ਵੀ ਹੋਇਆ ਅੰਦਰ ਵਾਲੇ ਸਾਰੇ ਬਾਹਰ ਆ ਗਏ। ਸਾਨੂੰ ਰੱਸਿਆ ਨਾਲ ਮੁੱਸ਼ਕਾਂ ਬੰਨ੍ਹੀਆਂ ਗਈਆਂ। ਮੈਂ ਅਤੇ ਲਾਭ ਸਿੰਘ ਪਾਂਧੀ, ਮਨਜੀਤ ਸਿੰਘ, ਬਾਬੂ ਸਿੰਘ, ਗ੍ਰੰਥੀ ਸੋਹਣ ਸਿੰਘ ਆਦਿ ਸਾਰਿਆਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਮੂਹਰੇ ਲਾ ਲਿਆ। ਪਰਿਕਰਮਾ ਦੇ ਵਿਚ ਦੀ ਲਾਸ਼ਾਂ ਦੇ ਢੇਰਾਂ ਵਿਚ ਦੀ ਖਿੱਚ ਕੇ ਲਿਜਾ ਰਹੇ ਸਨ ਕਿ ਕਿਸੇ ਸਿੰਘ ਨੇ ਅਚਨਚੇਤ ਇਕ ਗਰਨੇਟ ਛੱਡਿਆ ਜੋ ਸਾਥੋਂ ਦੂਰ ਜਾ ਡਿੱਗਿਆ। ਫੇਰ ਸਾਨੂੰ ਫੌਜੀ ਕੈਂਪ ਵਿਚ ਲੈ ਗਏ ਜਿਥੇ ਜਾ

ਕੇ ਬੀਬੀਆਂ ਤੇ ਬੱਚਿਆਂ ਨੂੰ ਵੱਖ ਅਤੇ ਸਾਨੂੰ ਵੱਖ ਕਰਕੇ ਤਸੀਹੇ ਦੇਣ ਲੱਗ ਪਏ। ਜਿਹੜਾ ਵੀ ਆਉਂਦਾ ਸੀ ਸਾਨੂੰ ਕੁੱਟਣ ਲੱਗ ਪੈਂਦਾ ਸੀ। ਏਸੇ ਤਰ੍ਹਾਂ ਅਸੀਂ ਕਾਫੀ ਕੁੱਟ ਖਾਧੀ ਆਖਰ ਅਸੀਂ ਫੈਸਲਾ ਕੀਤਾ ਕਿ ਹੌਲੀ-ਹੌਲੀ ਖਿਸਕਾ ਕੇ ਰੱਸੇ ਢਿੱਲੇ ਕਰੀਏ ਅਤੇ ਹੁਣ ਜਿਹੜਾ ਵੀ ਆ ਗਿਆ ਉਹਨੂੰ ਸੁੱਟ ਹੀ ਲੈਣਾ ਹੈ ਮਰਨਾ ਤਾਂ ਹੈਗਾ ਈ ਆ। ਏਨੇ ਚਿਰ ਨੂੰ ਇਕ ਬੀ.ਐਸ.ਐਫ. ਦਾ ਜੁਆਨ ਜੀਹਦੇ ਕਾਲੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ ਸਾਡੇ ਵੱਲ ਨੂੰ ਆ ਰਿਹਾ ਸੀ। ਅਸੀ ਸਾਰੇ ਇਕੱਠੇ ਉਹਦੇ ਗੱਲ ਪੈਣ ਨੂੰ ਤਿਆਰ ਸੀ ਬਈ ਚਲੋ ਏਹਦੇ ਗੱਲ ਪਵਾਂਗੇ ਤੇ ਇਹ ਸਾਨੂੰ ਗੋਲੀਆਂ ਮਾਰ ਦੇਣ ਪਰ ਹੋਇਆ ਇਸ ਦੇ ਉਲਟ। ਉਸ ਜੁਆਨ ਨੇ ਦੂਰੋਂ ਹੀ ਆਵਾਜ਼ ਦੇ ਕੇ ਕਿਹਾ ਸਿੰਘੋਂ ਤੁਹਾਡੇ ਕਰਮ ਚੰਗੇ ਆ ਤੁਸੀਂ ਬਚ ਗਏ। ਤੁਹਾਡੇ ਆਡਰ ਆ ਗਏ ਤੁਹਾਨੂੰ ਕੋਤਵਾਲੀ ਲੈ ਕੇ ਜਾਣਾ ਹੈ। ਬੱਸ ਫੇਰ ਸਾਨੂੰ ਏਥੋਂ ਕੁਝ ਡੋਗਰੇ ਜੋ ਮੰਦਾ ਚੰਗਾ ਬੋਲਦੇ ਅੰਮ੍ਰਿਤਸਰ-ਕੋਤਵਾਲੀ ਲੈ ਗਏ। ਸਾਨੂੰ ਏਹੋ ਜਿਹੇ ਤਰੀਕੇ ਨਾਲ ਬੰਨ੍ਹਿਆ ਕਿ ਜੇ ਕਦੇ ਇਕ ਬੰਦਾ ਡਿੱਗ ਪਵੇ ਤਾਂ ਸਾਰੇ ਹੀ ਡਿੱਗ ਪੈਂਦੇ ਸੀ। ਕੋਤਵਾਲੀ ਗਏ ਕੁੱਟ ਖਾ ਖਾ ਕੇ ਅਸੀਂ ਅੱਧ ਮੋਏ ਹੋਏ ਪਏ ਸੀ। ਸਾਡੇ 'ਚੋਂ ਕਿਸੇ ਨੇ ਕਿਹਾ ਪਾਣੀ ਪੀਣਾ ਹੈ। ਤਾਂ ਇਕ ਪੁਲਿਸ ਵਾਲਾ ਜੋ ਸਿਵਲ ਵਰਦੀ ਵਿਚ ਸੀ ਉਹ ਪਾਣੀ ਲੈ ਆਇਆ ਅਤੇ ਥੋੜ੍ਹਾ-ਥੋੜ੍ਹਾ ਸਾਡੇ ਮੂੰਹ ਨੂੰ ਲਾਉਣ ਲੱਗਿਆ। ਗੋਡਕੂਆਂ ਨੇ ਭਾਵੇਂ ਉਹਨੂੰ ਵੀ ਮੰਦਾ ਚੰਗਾ ਬੋਲ ਕੇ ਪਾਣੀ ਤੋਂ ਰੋਕਣਾ ਚਾਹਿਆ ਪਰ ਉਹ ਤਾਂ ਕੋਈ ਭਾਈ ਘਨੱਈਏ ਦਾ ਰੂਪ ਸੀ ਉਸ ਨੇ ਭਰੇ ਗਲੇ ਨਾਲ ਕਿਹਾ ਪਾਪੀਓ ਸਾਡੇ ਗੁਰੂ ਧਾਮ ਤੇ ਕਹਿਰ ਕੀਤਾ ਨਿਰਦੋਸ਼ਾਂ ਦਾ ਕਤਲ ਕੀਤਾ ਸਾਡੇ ਦੇਸ਼ ਆ ਕੇ ਰੋਹਬ ਮਾਰਦੇ ਹੋ ਜੇ ਅਣਖ ਹੈ ਤਾਂ ਪਾਕਿਸਤਾਨ ਨਾਲ ਮੱਥਾ ਲਾਵੋ। ਮੈਨੂੰ ਨਾ ਰੋਕਿਓ ਮੈਂ ਤਾਂ ਪਾਣੀ ਪਿਲਾਊਂਗਾ। ਥੋੜ੍ਹੇ ਸਮੇਂ ਬਾਅਦ ਕੁਝ ਸਿੰਘ ਹੋਰ ਉਥੇ ਆ ਗਏ ਉਹਨਾਂ ਸਿੰਘਾਂ ਨੇ ਹੀ ਦੱਸਿਆ ਕਿ ਸੰਤ ਜਰਨੈਲ ਸਿੰਘ ਆਪਣੇ ਸਾਥੀਆਂ ਸਮੇਤ ਸ਼ਹੀਦ ਹੋ ਗਏ। ਥੋੜ੍ਹੇ ਸਮੇਂ ਬਾਅਦ ਉਹਨਾਂ ਸਿੰਘਾਂ ਨੂੰ ਜੋਧਪੁਰ ਭੇਜ ਦਿੱਤਾ ਅਤੇ ਅਸੀਂ ਉਸੇ ਕੋਤਵਾਲੀ ਵਿਚ 8 ਜੂਨ ਤੱਕ ਰਹੇ। ਆਖਰ ਸਾਬਕਾ ਐਮ.ਐਲ.ਏ. ਸ. ਕੁੰਦਨ ਸਿੰਘ ਨੇ ਡੀ.ਸੀ. ਗੁਰਦੇਵ ਸਿੰਘ ਨਾਲ ਗੱਲ ਕੀਤੀ ਤੇ 8 ਜੂਨ ਨੂੰ ਉਥੋਂ ਛੁਡਾ ਕੇ ਸਾਨੂੰ ਆਪਣੇ ਘਰ ਲੈ ਗਿਆ। ਗਿਆਰਾਂ ਜੂਨ ਤੱਕ ਉਸ ਨੇ ਸਾਨੂੰ ਆਪਣੇ ਘਰ ਰੱਖਿਆ ਜਿੰਨੀ ਹੋਈ ਸਾਡੀ ਮੱਦਦ ਕੀਤੀ ਫੇਰ ਗਿਆਰਾਂ ਜੂਨ ਨੂੰ ਉਹ ਸਾਨੂੰ ਬੱਸ ਚੜ੍ਹਾ ਆਇਆ। ਅਸੀਂ ਸ਼ਾਮ 5 ਕੁ ਵਜੇ ਮੋਗੇ ਪਹੁੰਚੇ ਹੀ ਸੀ ਕਿ ਕਰਫਿਊ ਲੱਗ ਗਿਆ। ਅਸੀਂ ਰਾਤ ਬੱਸ ਅੱਡੇ ਨੇੜੇ ਹੀ ਇਕ ਗੁਰਦੁਆਰੇ ਵਿਚ ਰਹੇ। ਭਾਵੇਂ ਰਾਤ ਨੂੰ ਵੀ ਪੁਲਿਸ ਵਾਲੇ ਗੇੜੇ ਮਾਰਦੇ ਰਹੇ।

ਚਲੋ ਗੁਰੂ ਦੀ ਕ੍ਰਿਪਾ ਨਾਲ 12 ਜੂਨ ਦਾ ਦਿਨ ਚੜ੍ਹਿਆ ਅਤੇ ਹੌਲੀ-ਹੌਲੀ ਕੋਟਕਪੂਰੇ ਸ਼ਹਿਰ ਚੌਂਕ ਵਿਚ ਪਹੁੰਚ ਗਏ। ਕਰਫਿਊ ਫੇਰ ਲੱਗ ਗਿਆ। ਏਥੇ ਵੀ ਇਕ ਸਰਦਾਰ ਫੌਜੀ ਨੌਜਵਾਨ ਸਾਡੇ ਕੋਲ ਆ ਗਿਆ ਅਤੇ ਉਸ ਨੇ ਸਾਨੂੰ ਪੁੱਛਿਆ ਤੁਸੀਂ ਕਿਥੋਂ ਆਏ ਹੋ ਅਸੀਂ ਸਾਰਾ ਸੱਚ ਦੱਸ ਦਿੱਤਾ। ਅੰਮ੍ਰਿਤਸਰ ਦੀ ਕਹਾਣੀ ਸੁਣ ਕੇ ਉਹਦੀਆਂ ਅੱਖਾਂ 'ਚੋਂ ਪਾਣੀ ਚੱਲ ਪਿਆ ਅਤੇ ਕਹਿਣ ਲੱਗਿਆ ਸਰਕਾਰ ਨੇ ਚੰਗਾ ਨਹੀਂ ਕੀਤਾ। ਚਲੋ ਉਸ ਨੇ ਹੀ ਸਰਕਾਰੀ ਡਿਪੂ 'ਚੋਂ ਬੱਸ ਮੰਗਵਾਈ ਤੇ ਸਾਨੂੰ ਬਠਿੰਡੇ ਨੂੰ ਤੋਰ ਦਿੱਤਾ। ਅਸੀਂ 12 ਜੂਨ ਦੀ ਰਾਤ ਬਠਿੰਡੇ ਢਾਡੀ ਤੇਜ਼ਾ ਸਿੰਘ ਤੂਫਾਨ ਦੇ ਘਰ ਰਹੇ। ਏਥੋਂ ਅਸੀਂ ਸਾਰੇ ਵੱਖ-ਵੱਖ ਹੋ ਗਏ ਕੋਈ ਕਿਸੇ ਪਾਸੇ ਕੋਈ ਕਿਸੇ ਪਾਸੇ ਮੈਂ ਪਰਿਵਾਰ ਸਮੇਤ 13 ਜੂਨ ਨੂੰ ਪਿੰਡ ਭਾਈ ਦੇਸੇ ਪਹੁੰਚ ਗਿਆ ਤੇ ਏਥੇ ਹੀ ਰਹਿਣ ਲੱਗ ਗਿਆ। ਸਾਡੇ ਘਰ ਪਿੰਡ ਕੋਟਲੀ ਕਲਾਂ ਪੁਲਿਸ ਵਾਲਿਆਂ ਨੇ ਜਾ ਕੇ ਕਹਿ ਦਿੱਤਾ ਕਿ ਦਰਸ਼ਨ ਸਿੰਘ ਸਮੇਤ ਪਰਿਵਾਰ ਦਰਬਾਰ ਸਾਹਿਬ ਫੌਜੀ ਹਮਲੇ ਵਿਚ ਮਾਰਿਆ ਗਿਆ। ਇਹ ਸੁਣਦਿਆਂ ਹੀ ਸਾਰਾ ਪਿੰਡ ਇਕੱਠਾ ਹੋ ਗਿਆ ਤੇ ਸਾਡੇ ਘਰ ਸੱਥਰ ਵਿਛ ਗਿਆ। ਲੋਕ ਅਫਸੋਸ ਕਰਨ ਆਉਣ ਲੱਗ ਪਏ। ਉਧਰੋਂ ਮੇਰੇ ਪਿੰਡ ਦਾ ਇਕ ਅੰਗੂਰ ਵੇਚਣ ਵਾਲਾ ਭਾਈ ਪਿੰਡ ਭਾਈ ਦੇਸੇ ਆਇਆ ਤੇ ਮੈਨੂੰ ਮਿਲ ਪਿਆ। ਉਹ ਕਹਿਣ ਲੱਗਾ ਦਰਸ਼ਨ ਤੂੰ ਹੈਗਾ ਏਂ ਮੈਂ ਕਿਹਾ ਕਿਉਂ ਉਹ ਕਹਿੰਦਾ ਥੋਡੇ ਘਰ ਤਾਂ ਪੁਲਿਸ ਵਾਲੇ ਕਹਿ ਆਏ ਕਿ ਤੂੰ ਅੰਮ੍ਰਿਤਸਰ ਹੀ ਮਰ ਗਿਆ। ਥੋਡੇ ਘਰੇ ਤਾਂ ਸੱਥਰ ਵਿਛਿਆ ਹੋਇਆ ਏ। ਬੱਸ ਫੇਰ ਉਹਨੇ ਜਾ ਕੇ ਘਰ ਦੱਸਿਆ ਤੇ ਸਾਡੇ ਜਿਉਂਦੇ ਪਰਿਵਾਰ ਦਾ ਵਿਛਿਆ ਸੱਥਰ ਚੁਕਵਾਇਆ। ਇਹ ਹੈ ਢਾਡੀ ਦਰਸ਼ਨ ਸਿੰਘ ਦਲੇਰ ਦੀ ਹੱਡ ਬੀਤੀ ਜੂਨ 1984 ਦੀ ਅਭੁੱਲ ਯਾਦ।

ਮੋਗਾ ਏਰੀਏ ਵਿੱਚ ਤਾਜੇ,
ਸ਼ੁੱਧ ਤੇ ਠੰਡੇ ਪਾਣੀ
ਦੇ ਕੈਂਪਰ ਲਗਵਾਉਣ ਲਈ
ਸੰਪਰਕ ਕਰੋ।

Keep Your City Clean & Green
ਉਮੰਗ
Mineral Water
ਤਾਜ਼ਾ, ਸ਼ੁੱਧ ਤੇ ਠੰਡਾ ਪਾਣੀ

ਨੋਟ: ਵਿਆਹ ਸ਼ਾਦੀ ਅਤੇ ਹਰ ਖੁਸ਼ੀ ਗਮੀ ਦੇ ਮੌਕੇ ਠੰਡੇ ਪਾਣੀ ਦੇ ਕੈਂਪਰ ਪਹੁੰਚਾਉਣ ਦਾ ਖਾਸ ਪ੍ਰਬੰਧ ਹੈ।

Umang Mineral Water Plant
Customer Care: 991-455-8763
E-mail: umang.mineralwater@gmail.com 998-892-9988

Honour, Published, Printer & Editor : Bhawandeep Singh Purba, Printed at : WP&S Jalaldhar. Published from 1195, Ajit Nagar Moga (Pb.)